# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 16-08-202**

**ਪਹਿਲਾ ਬੁਲੇਟਿਨ ਦੀਆਂ ਖ਼ਾਸ ਖ਼ਬਰਾਂ...**

- ਧਾਨ ਮੰਤਰੀ ਨਰੇਂਦਰ ਮੋਦੀ ਭਲਕੇ ਨਵੀਂ ਦਿੱਲੀ ਵਿੱਚ ਲਗਭਗ 11 ਹਜ਼ਾਰ ਕਰੋੜ ਰੁਪਏ ਦੇ ਦੋ ਵੱਡੇ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ।

- ਪੰਜਾਬ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ-2025 ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ 19 ਅਗਸਤ ਨੂੰ ਹੋਏਗੀ. ਦਾਅਵੇ ਤੇ ਇਤਰਾਜ਼.20 ਤੋਂ 27 ਅਗਸਤ ਤਕ ਲਏ ਜਾਣਗੇ.

- ਜਨਮਾਸ਼ਟਮੀ ਦਾ ਤਿਉਹਾਰ, ਪੰਜਾਬ ਸਮੇਤ ਅੱਜ ਦੇਸ਼ ਭਰ ਵਿੱਚ ਪੂਰੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ ।

- ਪੰਜਾਬ ਦੇ ਕੈਬਿਨਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਏ ਕਿ ਪੰਜਾਬ 'ਚ ਬਣੇ ਰਹੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ, ਸਰਕਾਰ ਕੰਮ ਕਰ ਰਹੀ ਏ.

- ਏਸ਼ਿਆਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 2025 ਅੱਜ ਤੋਂ ਕਜ਼ਾਕਿਸਤਾਨ ਦੇ ਸ਼ਿਮਕੇਂਟ ਵਿਖੇ ਸ਼ੁਰੂ ਹੋ ਰਹੀ ਏ. ਭਾਰਤ ਦੀ ਅਗਵਾਈ ਦੋ ਵਾਰ ਦੀ ਓਲੰਪਿਕ ਤਮਗਾ ਜੇਤੂ ਮਨੂ ਭਾਕਰ ਵਲੋਂ ਕੀਤੀ ਜਾਏਗੀ.

## ਹੁਣ ਖ਼ਬਰਾਂ ਵਿਸਥਾਰ ਨਾਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ ਨਵੀਂ ਦਿੱਲੀ ਵਿੱਚ ਕਰੀਬ 11 ਹਜ਼ਾਰ ਕਰੋੜ ਰੁਪਏ ਦੇ ਦੋ ਵੱਡੇ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ। ਇਨ੍ਹਾਂ ਪ੍ਰੋਜੈਕਟਾਂ ਵਿੱਚ Dwarka Expressway

ਦਾ ਦਿੱਲੀ ਸੈਕਸ਼ਨ ਅਤੇ ਅਰਬਨ ਐਕਸਟੈਂਸ਼ਨ ਰੋਡ-॥ ਸ਼ਾਮਲ ਨੇ. ਇੱਕ ਬਿਆਨ ਵਿੱਚ, ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਏ ਕਿ ਇਹ ਪ੍ਰੋਜੈਕਟ ਰਾਸ਼ਟਰੀ ਰਾਜਧਾਨੀ ਵਿੱਚ ਭੀੜ-ਭੜੱਕੇ ਨੂੰ ਘਟਾਉਣ ਲਈ ਸਰਕਾਰ ਦੀ ਵਿਆਪਕ ਯੋਜਨਾ ਤਹਿਤ ਵਿਕਸਿਤ ਕੀਤੇ ਗਏ ਨੇ, ਜਿਸਦਾ ਉਦੇਸ਼ ਸੰਪਰਕ ਵਿੱਚ ਵੱਡਾ ਸੁਧਾਰ ਕਰਨਾ, ਯਾਤਰਾ ਦਾ ਸਮਾਂ ਘਟਾਉਣਾ ਅਤੇ ਦਿੱਲੀ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਟ੍ਰੈਫਿਕ ਨੂੰ ਘਟਾਉਣਾ ਏ । ਇਸ ਮੌਕੇ, ਸ਼੍ਰੀ ਮੋਦੀ ਇਕੱਠ ਨੂੰ ਵੀ ਸੰਬੋਧਨ ਵੀ ਕਰਨਗੇ।

---------------------------------------------------------

ਦੇਸ਼ ਅੱਜ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਉਨ੍ਹਾਂ ਦੀ ਸੱਤਵੀਂ ਬਰਸੀ 'ਤੇ ਯਾਦ ਕਰ ਰਿਹਾ ਏ । ਭਾਜਪਾ ਦੇ ਉਘੇ ਨੇਤਾ ਦਾ 2018 ਵਿੱਚ ਅੱਜ ਦੇ ਦਿਨ ਦੇਹਾਂਤ ਹੋਇਆ ਸੀ । ਅਟਲ ਬਿਹਾਰੀ ਵਾਜਪਾਈ ਨੇ ਤਿੰਨ ਵਾਰ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ

ਰਾਸ਼ਟਰੀ ਰਾਜਧਾਨੀ ਵਿੱਚ ਸਾਬਕਾ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਯਾਦਗਾਰ ਸਦੈਵ ਅਟਲ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

-----------------------------------------------------

ਪੰਜਾਬ ਰਾਜ ਚੋਣ ਕਮਿਸ਼ਨ ਨੇ 5 ਅਕਤੂਬਰ ਤੱਕ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀਆਂ ਦੀਆਂ ਆਮ ਚੋਣਾਂ ਲਈ, ਵੋਟਰ ਸੂਚੀਆਂ ਦੇ ਅੱਪਡੇਟ ਲਈ, ਸਮਾਂ-ਸਾਰਣੀ ਦਾ ਐਲਾਨ ਕੀਤਾ ਏ। ਮੁਕਤਸਰ ਸਾਹਿਬ ਦੇ ਵਿਕਾਸ ਬਾਰੇ ਵਧੀਕ ਡਿਪਟੀ ਕਮਿਸ਼ਨਰ ਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ, ਸੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਏ ਕਿ ਵੋਟਰ ਸੂਚੀਆਂ, ਜੋ ਪਹਿਲਾਂ 3 ਮਾਰਚ, 2025 ਨੂੰ ਪ੍ਰਕਾਸ਼ਿਤ ਹੋਈਆਂ ਸਨ, ਨੂੰ ਹੁਣ ਪਹਿਲੀ ਸਤੰਬਰ, 2025 ਦੀ ਯੋਗਤਾ ਤਰੀਕ ਨਾਲ ਅੱਪਡੇਟ ਕੀਤੀਆਂ ਜਾਣਗੀਆਂ, ਤਾਂ ਜੋ ਇਸ 'ਚ ਸਾਰੇ ਯੋਗ ਵੋਟਰ ਸ਼ਾਮਲ ਹੋ ਸਕਣ। ਯੋਗ ਵੋਟਰਾਂ ਦੀ ਉਮਰ ਘੱਟੋ ਘੱਟ 18 ਸਾਲ ਹੋਣੀ ਚਾਹੀਦੀ ਏ ਅਤੇ ਉਹ ਆਮ ਤੌਰ 'ਤੇ ਸੰਬੰਧਤ ਹਲਕੇ ਦੇ ਨਿਵਾਸੀ ਹੋਣੇ ਚਾਹੀਦੇ ਨੇ। ਉਨ੍ਹਾਂ ਕਿਹਾ ਕਿ ਮੌਜੂਦਾ ਵੋਟਰ ਸੂਚੀਆਂ ਦੀ ਖਰੜਾ ਪ੍ਰਕਾਸ਼ਨਾ, 19 ਅਗਸਤ ਨੂੰ ਹੋਏਗੀ, ਦਾਅਵੇ ਅਤੇ ਇਤਰਾਜ਼ 20 ਤੋਂ 27

ਅਗਸਤ ਤੱਕ ਦਾਇਰ ਕੀਤੇ ਜਾ ਸਕਦੇ ਨੇ ਅਤੇ ਇਨ੍ਹਾਂ ਦਾ ਨਿਪਟਾਰਾ, ਪਹਿਲੀ ਸਤੰਬਰ ਤੱਕ ਕੀਤਾ ਜਾਵੇਗਾ। ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 3 ਸਤੰਬਰ ਨੂੰ ਹੋਵੇਗੀ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਸਾਰੇ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ ਤੇ ਸਬ ਡਿਵੀਜ਼ਨਲ ਮੈਜਿਸਟ੍ਰੇਟਾਂ ਨੂੰ ਇਸ ਸਮਾਂ-ਸਾਰਣੀ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਨੇ ਤਾਂ ਜੋ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸਮਿਤੀ ਹਲਕਿਆਂ ਦੇ ਸਾਰੇ ਯੋਗ ਵੋਟਰ, ਇਸ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਣ।

-----------------------------------------------------

ਭਗਵਾਨ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਤਿਉਹਾਰ, ਅੱਜ ਪੰਜਾਬ ਸਮੇਤ ਦੇਸ਼ ਭਰ ਵਿੱਚ ਮਨਾਇਆ ਜਾ ਰਿਹਾ ਏ । ਭਗਵਾਨ ਕ੍ਰਿਸ਼ਨ ਦੀ ਪੂਜਾ ਕਰਨ ਤੇ ਓਹਨਾਂ ਦੇ ਦਰਸ਼ਨਾਂ ਲਈ ਸ਼ਰਧਾਲੂ ਵੱਡੀ ਗਿਣਤੀ ਮੰਦਰਾਂ ਵਿੱਚ ਪਹੁੰਚ ਰਹੇ ਨੇ. ਮੰਦਿਰਾਂ ਨੂੰ ਸੋਹਣੀ ਤਰ੍ਹਾਂ ਸਜਾਇਆ ਗਿਆ ਏ ਤੇ ਕਲ ਰਾਤ ਤੋਂ ਹੀ ਰੌਣਕਾਂ ਲਗੀਆਂ ਹੋਈਆਂ ਨੇ. ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਮਾਸ਼ਟਮੀ ਦੇ ਮੌਕੇ 'ਤੇ ਸਾਰੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਨੇ.

ਪੰਜਾਬ ‘ਚ ਵੀ ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ ਦੀ ਪੂਰੀ ਰੌਣਕ ਏ ਤੇ ਮੰਦਿਰਾਂ ਨੂੰ ਸੋਹਣੀਆਂ ਲਾਈਟਾਂ ਤੇ ਫੁੱਲਾਂ ਨਾਲ ਸਜਾਇਆ ਗਿਆ ਏ. ਕਲ ਰਾਤ ਤੋਂ ਹੀ ਲੋਕ ਸ਼ਰਧਾ ਨਾਲ ਮੰਦਿਰਾਂ ‘ਚ ਪਹੁੰਚ ਰਹੇ ਨੇ ਤੇ ਖੁਸ਼ੀਆਂ ਮਨਾ ਰਹੇ ਨੇ. ਕ੍ਰਿਸ਼ਨ ਜੀ ਦੇ ਜਨਮ ਸਮੇਂ ਅਤੇ ਓਹਨਾਂ ਦੀਆਂ ਬਾਲ ਲੀਲਾਵਾਂ ਨੂੰ ਦਰਸਾਉਂਦੇ ਸੋਹਣੇ ਦ੍ਰਿਸ਼ਾਂ ਵਾਲੀਆਂ ਝਾਕੀਆਂ ਵੀ ਸਜਾਈਆਂ ਗਈਆਂ ਜਿੱਥੇ ਛੋਟੇ – ਛੋਟੇ ਬੱਚਿਆਂ ਨੇ ਭਗਵਾਨ ਕ੍ਰਿਸ਼ਨ, ਰਾਧਾ ਰਾਣੀ ਤੇ ਗੋਪੀਆਂ ਦੇ ਰੂਪ ਵਿਚ ਸਜ ਕੇ ਆਪਣੀ ਸ਼ਰਧਾ ਪ੍ਰਗਟਾਈ. ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ ਮੌਕੇ ਸਾਰਿਆਂ ਨੂੰ ਵਧਾਈ ਦਿੱਤੀ ਏ. ਇੱਕ ਸੋਸ਼ਲ ਮੀਡਿਆ ਪੋਸਟ ਵਿਚ ਮੁੱਖ ਮੰਤਰੀ ਨੇ ਕਾਮਨਾ ਕੀਤੀ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਸਾਰਿਆਂ ‘ਤੇ ਕਿਰਪਾ ਬਣਾਈ ਰੱਖਣ.

------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ, ਕੁਲਤਾਰ ਸਿੰਘ ਸੰਧਵਾਂ ਵੱਲੋਂ ਅੱਜ ਫਰੀਦਕੋਟ ਵਿੱਚ, ਆਪਣੇ ਨਿਵਾਸ ਸਥਾਨ ਪਿੰਡ ਸੰਧਵਾਂ ਵਿਖੇ, ਵਿਸ਼ੇਸ਼ ਲੋਕ ਮਿਲਣੀ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ, ਉਨ੍ਹਾਂ ਨੇ ਹਲਕਾ

ਨਿਵਾਸੀਆਂ ਨੂੰ ਜਨਮਅਸ਼ਟਮੀ ਦੀ ਵਧਾਈ ਦਿੱਤੀ। ਸ਼੍ਰੀ ਸੰਧਵਾ ਨੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ, ਹਲਕੇ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ, ਰਹਿੰਦੇ ਸਮੇਂ 'ਚ ਬਾਕੀ ਬਚੀਆਂ ਮੁਸ਼ਕਿਲਾਂ ਨੂੰ ਵੀ ਛੇਤੀ ਤੋਂ ਛੇਤੀ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਲੋਕਾਂ ਵੱਲੋਂ ਚੁਣੀ ਗਈ, ਲੋਕਾਂ ਦੀ ਆਪਣੀ ਸਰਕਾਰ ਏ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

-----------------------------------------------------

ਪੰਜਾਬ ਦੇ ਕੈਬਿਨਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਏ ਕਿ ਪੰਜਾਬ ਚ ਬਣੇ ਰਹੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਸਰਕਾਰ ਕੰਮ ਕਰ ਰਹੀ ਏ. ਅੱਜ ਗੁਰਦਾਸਪੁਰ ਦੇ ਪਿੰਡ ਨਸ਼ਹਿਰਾ ਵਿਖੇ ਜਨਮਸ਼ਟਮੀ ਦੇ ਸਮਾਗਮ ਵਿੱਚ ਪਹੁੰਚੇ ਮੰਤਰੀ ਨੇ ਇਸ ਮੌਕੇ ਬੋਲਦਿਆਂ ਕਿਹਾ -

**BYTE**

----------------------------------------

ਬਿਆਸ ਦਰਿਆ 'ਚ ਵਧੇ ਪਾਣੀ ਦੇ ਪੱਧਰ ਕਾਰਨ ਜ਼ਿਲ੍ਹਾ ਕਪੂਰਥਲਾ ਦੇ ਭੁਲੱਥ ਹਲਕੇ ਦੇ ਮੰਡ ਖੇਤਰਾਂ ‘ਚ ਬਣੇ ਹਾਲਾਤਾਂ ਦੇ ਮੱਦੇਨਜ਼ਰ, ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੈਡੀਕਲ ਟੀਮਾਂ ਦੀ ਤਾਇਨਾਤੀ ਕੀਤੀ ਗਈ ਏ, ਜੋ ਲੋਕਾਂ ਨੂੰ ਲੋੜ ਅਨੁਸਾਰ ਮੈਡੀਕਲ ਸਹਾਇਤ ਪ੍ਰਦਾਨ ਕਰ ਰਹੀਆਂ ਨੇ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ, ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਬਿਆਸ ਦਰਿਆ 'ਚ ਵਧੇ ਪਾਣੀ ਦੇ ਪੱਧਰ ਕਾਰਨ, ਭੁਲੱਥ ਹਲਕੇ ਦੇ ਮੰਡ ਖੇਤਰਾਂ ਵਿਚ ਬਣੇ ਹਾਲਾਤਾਂ ਨੂੰ ਧਿਆਨ ਵਿਚ ਰੱਖਦਿਆਂ, ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਹਰ ਸੰਭਵ ਮਦਦ ਲਈ ਪੂਰੀ ਤਰ੍ਹਾਂ ਵਚਨਬੱਧ ਏ. ਉਨ੍ਹਾਂ ਨੇ ਕਿਹਾ ਕਿ, ਸਿਹਤ ਸਹੂਲਤਾਂ ਲਈ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਮੈਡੀਕਲ ਟੀਮਾਂ ਦਾ ਗਠਨ ਕੀਤਾ ਗਿਆ ਏ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ, ਨਾ ਘਬਰਾਉਣ ਦੀ ਅਪੀਲ ਕਰਦਿਆਂ ਕਿਹਾ ਏ ਕਿ ਉਹ ਲੋੜ ਪੈਣ 'ਤੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਨੰਬਰ - 01822-231990 ਉੱਪਰ ਸੰਪਰਕ ਕਰ ਸਕਦੇ ਨੇ। ਇਸ

ਦੌਰਾਨ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਸ਼ੂਆਂ ਦੀ ਸੁਰੱਖਿਆ ਲਈ ਡਾਕਟਰਾਂ ਦੀਆਂ ਟੀਮਾਂ ਦੀ 24 ਘੰਟੇ ਤਾਇਨਾਤੀ ਅਤੇ ਸਾਈਲੇਜ ਤੇ ਹਰਾ ਚਾਰਾ ਸਪਲਾਈ ਕਰਨ ਸਮੇਤ ਕਦਮ ਚੁੱਕੇ ਜਾ ਰਹੇ ਨੇ.

---------------------------------------------------

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ, ਕੱਲ ਆਜ਼ਾਦੀ ਦਿਹਾੜੇ ਮੌਕੇ ਇਤਿਹਾਸਿਕ ਲਾਲ ਕਿਲੇ ਦੀ ਫਸੀਲ ਤੋਂ, ਦੇਸ਼ ਨੂੰ ਦਿੱਤੇ ਸੰਬੋਧਨ ਦੇ ਮੁੱਖ ਬਿੰਦੂਆਂ, ਖਾਸ ਕਰਕੇ ਕਿਸਾਨਾਂ ਅਤੇ ਖੇਤੀਬਾੜੀ ਬਾਰੇ ਤੁਸੀਂ ਸੁਣੋਗੇ ਇੱਕ ਵਿਸ਼ੇਸ਼ ਮੁਲਾਕਾਤ. ਪ੍ਰੋਗਰਾਮ ਦੌਰਾਨ ਮਹਿਮਾਨ ਹੋਣਗੇ ਖੇਤੀਬਾੜੀ ਮਾਹਿਰ ਅਤੇ ਸਾਬਕਾ ਡਿਪਟੀ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ ਨਰੇਸ਼ ਗੁਲਾਟੀ ਪ੍ਰੋਗਰਾਮ ਦੇ ਮੇਜ਼ਬਾਨ ਨੇ ਆਕਾਸ਼ਵਾਣੀ ਖਬਰਾਂ ਦੇ ਸਹਾਇਕ ਨਿਰਦੇਸ਼ਕ ਰਾਜੇਸ਼ ਬਾਲੀ . ਇਹ ਪ੍ਰੋਗਰਾਮ ਰਾਤੀਂ 8 ਵਜੇ ਤੋਂ 8 ਵਜ ਕੇ 15 ਮਿੰਟ ਤਕ ਪੇਸ਼ ਕੀਤਾ ਜਾਏਗਾ.

---------------------------------------------------

''ਹਰ ਘਰ ਤਿਰੰਗਾ'' ਪਹਿਲਕਦਮੀ ਤਹਿਤ ਗਰੁੱਪ ਸੈਂਟਰ C.R.P.F. ਜਲੰਧਰ ਵੱਲੋਂ D.I.G.P. ਰਾਕੇਸ਼ ਰਾਓ ਦੀ ਨਿਗਰਾਨੀ ਹੇਠ, ਦੇਸ਼

ਭਗਤੀ ਦੀ ਭਾਵਨਾ ਨਾਲ ਕੱਲ੍ਹ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਦਿਨ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਜਲੰਧਰ ਸਥਿਤ ਦਿਵਿਆਂਗ ਆਸ਼ਰਮ ਅਤੇ ਓਲਡ ਏਜ ਹੋਮ ਦੇ ਦੌਰੇ ਨਾਲ ਹੋਈ, ਜਿੱਥੇ C.R.P.F. ਦੇ ਜਵਾਨਾਂ ਵੱਲੋਂ ਆਜ਼ਾਦੀ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹੋਏ, ਆਸ਼ਰਮ 'ਚ ਰਹਿਣ ਵਾਲਿਆਂ ਨੂੰ ਰਾਸ਼ਟਰੀ ਝੰਡੇ ਅਤੇ ਮਠਿਆਈਆਂ ਵੰਡੀਆਂ ਗਈਆਂ। ਇਸ ਮੌਕੇ ਇਕ ਬਾਈਕ ਰੈਲੀ ਵੀ ਕੱਢੀ ਗਈ, ਜਿਸ ਵਿੱਚ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਤੋਂ ਬਾਅਦ ਜੰਗ-ਏ-ਆਜ਼ਾਦੀ ਯਾਦਗਾਰੀ ਕੰਪਲੈਕਸ ਵਿਖੇ, ਮੁੱਖ ਸਮਾਗਮ ਕਰਵਾਇਆ ਗਿਆ, ਜਿੱਥੇ C.R.P.F. ਦੇ ਬੈਂਡ ਨੇ ਰਾਸ਼ਟਰੀ ਅਤੇ ਦੇਸ਼ ਭਗਤੀ ਦੀਆਂ ਧੁਨਾਂ ਰਾਹੀਂ ਏਕਤਾ ਦਾ ਸੰਦੇਸ਼ ਦਿੱਤਾ। ਪ੍ਰੋਗਰਾਮ ਵਿੱਚ, ਵੱਡੀ ਗਿਣਤੀ 'ਚ ਲੋਕਾਂ ਨੇ ਸ਼ਿਰਕਤ ਕੀਤੀ। ਇਹ ਗਤੀਵਿਧੀਆਂ, ਰਾਸ਼ਟਰੀ ਮਾਣ ਨੂੰ ਵਧਾਉਣ ਅਤੇ ''ਹਰ ਘਰ ਤਿਰੰਗਾ'' ਮੁਹਿੰਮ ਵਿੱਚ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਪ੍ਰਤੀ C.R.P.F. ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਨੇ।

-----------------------------------------------

ਪੰਜਾਬ ਸਰਕਾਰ ਵੱਲੋਂ ਸਾਲ 2013-14 ਤੋਂ ਸਾਲ 2024-25 ਤੱਕ ਬਕਾਇਆ ਪ੍ਰਾਪਰਟੀ ਟੈਕਸ 'ਤੇ ਲਗਦੇ ਵਿਆਜ ਅਤੇ ਜੁਰਮਾਨੇ ਤੋਂ ਛੋਟ ਦਿੱਤੀ ਗਈ ਸੀ ਜਿਸ ਦਾ ਲੋਕਾਂ ਵੱਲੋਂ ਭਰਪੂਰ ਫਾਇਦਾ ਚੁਕਿਆ ਗਿਆ। ਲੋਕਾਂ ਦੇ ਰੁਝਾਨ ਨੂੰ ਮੁੱਖ ਰੱਖਦਿਆਂ, ਹੁਣ ਇਸ ਸਕੀਮ ਵਿੱਚ, 31 ਅਗਸਤ ਤੱਕ ਵਾਧਾ ਕੀਤਾ ਗਿਆ ਏ। ਇਸ ਸਕੀਮ ਤਹਿਤ ਹੁਣ ਪਹਿਲੀ ਸਤੰਬਰ ਤੋਂ 31 ਅਕਤੂਬਰ ਤੱਕ ਵਿਆਜ ਘਟ ਕੇ, 9 ਫ਼ੀਸਦੀ ਤੇ ਜੁਰਮਾਨਾ ਘਟ ਕੇ, 10 ਫ਼ੀਸਦੀ ਨਾਲ ਬਕਾਇਆ ਪ੍ਰਾਪਰਟੀ ਟੈਕਸ ਭਰਿਆ ਜਾ ਸਕਦਾ ਏ।

---------------------------------------------------------

ਭਾਰਤ ਦੀ ਰਾਸ਼ਟਰੀ ਸ਼ਾਹਰਾਹ ਅਥਾਰਟੀ (NHAI) ਨੇ ਕੱਲ੍ਹ 79ਵੇਂ ਆਜ਼ਾਦੀ ਦਿਵਸ 'ਤੇ ਦੇਸ਼ ਭਰ ਦੇ 1 ਹਜ਼ਾਰ 150 ਟੋਲ ਪਲਾਜ਼ਿਆਂ 'ਤੇ 'FASTag ਸਾਲਾਨਾ ਪਾਸ' ਸਹੂਲਤ ਨੂੰ ਸਫਲਤਾ ਨਾਲ ਲਾਗੂ ਕੀਤਾ ਏ. ਸੜਕ ਆਵਾਜਾਈ ਅਤੇ ਸ਼ਾਹਰਾਹ ਬਾਰੇ ਮੰਤਰਾਲੇ ਮੁਤਾਬਿਕ, ਲਾਗੂ ਕਰਨ ਦੇ ਪਹਿਲੇ ਦਿਨ ਕਲ੍ਹ ਸ਼ਾਮ 7 ਵਜੇ ਤੱਕ ਕਰੀਬ 1 ਲੱਖ 40

ਹਜ਼ਾਰ ਵਰਤੋਂਕਾਰਾਂ ਨੇ ਸਾਲਾਨਾ ਪਾਸ ਖਰੀਦਿਆ ਅਤੇ ਇਸਨੂੰ ACTIVATE ਕਰ ਦਿੱਤਾ ਏ।

-----------------------------------------------------

ਏਸ਼ਿਆਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 2025 ਅੱਜ ਤੋਂ ਕਜ਼ਾਕਿਸਤਾਨ ਦੇ ਸ਼ਿਮਕੇਂਟ ਵਿਖੇ ਸ਼ੁਰੂ ਹੋ ਰਹੀ ਏ. ਦੋ ਵਾਰ ਦੀ ਓਲੰਪਿਕ ਤਮਗਾ ਜੇਤੂ ਮਨੂ ਭਾਕਰ ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਅਗਵਾਈ ਕਰ ਰਹੇ ਨੇ. ਇਸ ਚੈਂਪੀਅਨਸ਼ਿਪ ਵਿੱਚ 28 ਦੇਸ਼ਾਂ ਦੇ 734 ਨਿਸ਼ਾਨੇਬਾਜ਼ ਹਿੱਸਾ ਲੈਣਗੇ। ਏਸ਼ਿਆਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 2025 ਲਈ ਭਾਰਤ ਦੇ ਸੀਨੀਅਰ ਨਿਸ਼ਾਨੇਬਾਜ਼ਾਂ ਦੇ ਦਲ ਵਿੱਚ 35 ਮੈਂਬਰ ਨੇ ਜੋ 15 ਮੁਕਾਬਲਿਆਂ ਵਿੱਚ ਤਮਗਿਆਂ ਲਈ ਮੈਦਾਨ ‘ਚ ਉਤਰਨਗੇ. ਭਾਰਤੀ ਨਿਸ਼ਾਨੇਬਾਜ਼ ਜੂਨੀਅਰ ਮੁਕਾਬਲਿਆਂ ਵਿੱਚ ਵੀ ਹਿੱਸਾ ਲੈਣਗੇ।

- ਧਾਨ ਮੰਤਰੀ ਨਰੇਂਦਰ ਮੋਦੀ ਭਲਕੇ ਨਵੀਂ ਦਿੱਲੀ ਵਿੱਚ ਲਗਭਗ 11 ਹਜ਼ਾਰ ਕਰੋੜ ਰੁਪਏ ਦੇ ਦੋ ਵੱਡੇ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ ।

- ਪੰਜਾਬ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ-2025 ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ 19 ਅਗਸਤ ਨੂੰ ਹੋਏਗੀ. ਦਾਅਵੇ ਤੇ ਇਤਰਾਜ਼.20 ਤੋਂ 27 ਅਗਸਤ ਤਕ ਲਏ ਜਾਣਗੇ.

- ਜਨਮਾਸ਼ਟਮੀ ਦਾ ਤਿਉਹਾਰ, ਪੰਜਾਬ ਸਮੇਤ ਅੱਜ ਦੇਸ਼ ਭਰ ਵਿੱਚ ਪੂਰੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ ।

- ਪੰਜਾਬ ਦੇ ਕੈਬਿਨਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਏ ਕਿ ਪੰਜਾਬ 'ਚ ਬਣੇ ਰਹੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ, ਸਰਕਾਰ ਕੰਮ ਕਰ ਰਹੀ ਏ.

- ਏਸ਼ਿਆਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 2025 ਅੱਜ ਤੋਂ ਕਜ਼ਾਕਿਸਤਾਨ ਦੇ ਸ਼ਿਮਕੇਂਟ ਵਿਖੇ ਸ਼ੁਰੂ ਹੋ ਰਹੀ ਏ. ਭਾਰਤ ਦੀ

ਅਗਵਾਈ ਦੋ ਵਾਰ ਦੀ ਓਲੰਪਿਕ ਤਮਗਾ ਜੇਤੂ ਮਨੂ ਭਾਕਰ ਵਲੋਂ ਕੀਤੀ ਜਾਏਗੀ.

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅ ਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**